CHILDREN'S HOME SOCIETY OF CALIFORNIA

www.chs-ca.org

ਵਾਧੂ ਸੀਐਚਸੀ ਫੈਮਲਿ ਐਜੂਕੇਸ਼ਨ ਪ੍ਰੋਗਰਾਮ ਦੀ ਸਮੱਗਰੀ ਲਈ, ਕਰਿਪਾ ਕਰਕੇ (714) 712-7888 ਤੇ ਕਾਲ ਕਰੋ। ਸੀਐਚਸੀ ਤਤਕਾਲ ਸੱਖਿਣ ਅਤੇ ਸੱਖਿਆ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ, (888) ਸੀਐਚਐਸ-4-ਕੇਆਈਡੀਐਸ ਤੇ ਕਾਲ ਕਰੋ।

ਫੈਮਲਿ ਐਜੂਕੇਸ਼ਨ ਪ੍ਰੋਗਰਾਮ ਦੀ ਸਮੱਗਰੀ ਅਤੇ ਪੌਡਕਾਸਟ, ਅਤੇ ਸੀਐਚਸੀ ਪ੍ਰੋਗਰਾਮਾਂ ਤੇ ਜਾਣਕਾਰੀ ਨੂੰ ਸਾਡੀ ਵੈਬਸਾਈਟ **www.chs-ca.org** ਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।




**Corporate Headquarters**
1300 West Fourth Street
Los Angeles, CA 90017
(213) 240-5900
(213) 240-5945 Fax


©2017 Children's Home Society of California

CHILDREN'S HOME SOCIETY OF CALIFORNIA

# ਖ਼ਾਸ ਲੋੜਾਂ

## ਮਾਪਿਆਂ ਲਈ ਜਾਣਕਾਰੀ



ਜੇਕਰ ਤੁਹਾਡੇ ਬੱਚੇ ਦੀਆਂ ਖ਼ਾਸ ਲੋੜਾਂ ਹਨ ਤਾਂ ਉਸਨੂੰ ਭਾਵਨਾਤਮਕ, ਸਰੀਰਕ, ਬੌਧਕਿ ਜਾਂ ਸਹਿਤ ਸੰਬੰਧੀ ਕਾਰਣਾਂ ਕਰਕੇ ਖ਼ਾਸ ਦੇਖਭਾਲ ਦੀ ਲੋੜ ਹੁੰਦੀ ਹੈ|

ਖ਼ਾਸ ਲੋੜਾਂ ਵਾਲੇ ਬੱਚੇ ਆਮ ਬੱਚਿਆਂ ਵਰਗੇ ਹੀ ਹੁੰਦੇ ਹਨ ਕਉਿਂਕ ਉਹਨਾਂ ਦੀਆਂ ਮੂਲ ਜਰੂਰਤਾਂ ਸਾਰੇ ਬੱਚਿਆਂ ਵਰਗੀਆਂ ਹੀ ਹੁੰਦੀਆਂ ਹਨ: ਸਵੀਕਾਰਤਾ, ਦੇਖਭਾਲ, ਚੁਣੌਤੀਆਂ, ਪਆਿਰ ਅਤੇ ਸਹਯਿੋਗ|

ਮਾਪਆਿਂ ਦੇ ਤੌਰ ਤੇ ਆਪਨੇ ਬੱਚੇ ਨੂੰ ਬੇਹਤਰ ਦੇਖਭਾਲ ਦੇਣ ਲਈ ਜਾਣਕਾਰੀ ਅਤੇ ਲੋੜੀਂਦੀ ਮਦਦ ਨਾਲ ਤੁਸੀਂ ਉਸਦੇ  ਸਫਲਤਾ ਹੋਣ ਵਚਿ ਯੋਗਦਾਨ ਕਰ ਸਕਦੇ ਹੋ|



**ਖਾਸ ਲੋੜਾਂ ਵਾਲੇ ਇੱਕ ਬੱਚੇ ਦੀ ਪਰਵਰਸ਼ਿ ਚੁਣੌਤੀ ਅਤੇ ਫਲ ਕਾਰੀ ਦੋਨੋ ਹੋ ਸਕਦਾ ਹੈ| ਯਾਦ ਰੱਖੋ ਤੁਸੀ ਇਕੱਲੇ ਨਹੀ ਹੋ| ਤੁਹਾਡੇ ਬੱਚੇ ਦਾ ਸਕੂਲ, ਰਾਜ ਦੇ ਸਹਿਤ ਵਿਭਾਗ, ਅਤੇ ਹੋਰ ਮਾਪੇ, ਤੁਹਾਨੂੰ ਆਪਣੇ ਬੱਚੇ ਦੀ ਵਸ਼ਿੇਸ਼ ਲੋੜ ਬਾਰੇ ਹੋਰ ਸਖਿਣ ਲਈ ਲਈ ਸਰੋਤ ਹਨ| ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਹ ਕਾਨੂੰਨੀ ਅਧਕਿਾਰ ਕਿ ਉਚਤਿ ਸਖਿਆਿ ਅਤੇ ਸੇਵਾ ਯਕੀਨੀ ਤੌਰ ਤੇ ਪ੍ਰਾਪਤ ਕੀਤੀ ਹੈ|**



## ਖ਼ਾਸ ਲੋੜਾਂ ਵਾਲੇ ਬੱਚੇ ਕਹਿੜੇ ਹੁੰਦੇ ਹਨ?

ਜਉਿ-ਜਉਿ ਬੱਚੇ ਵੱਡੇ ਹੁੰਦੇ ਹਨ ਅਤੇ ਵਕਿਾਸ ਕਰਦੇ ਹਨ| ਖਾਸ ਲੋੜਾਂ ਵਾਲੇ ਬੱਚੇ ਦੇ ਵਕਿਾਸ ਵਚਿ ਕੁਝ ਦੇਰੀ ਹੁੰਦੀ ਹੈ| ਖ਼ਾਸ ਲੋੜਾਂ ਵਾਲੇ ਬੱਚਆਿਂ ਨੂੰ ਅਪਾਹਜਪੁਣੇ ਦਾ ਸ਼ਕਿਾਰ ਵੀ ਕਹਿਾ ਜਾਂਦਾ ਹੈ| ਅਮੇਰਕਿਨ ਵਦਿ ਡਸਿਏਬਲਿਟੀ (Americans with Disabilities Act) ਅਨੁਸਾਰ ਖਾਸ ਲੋੜਾਂ ਵਾਲੇ ਬੱਚਆਿਂ ਦੀਆਂ ਸਰੀਰਕ ਅਤੇ ਮਾਨਸਕਿ ਅਯੋਗਤਾ ਉਹਨਾਂ ਨੂੰ "ਜਦਿੰਗੀ ਦੇ ਮੁੱਖ ਕੰਮ" ਕਰਨ ਦੀ ਯੋਗਤਾ ਨੂੰ ਸੀਮਤਿ ਕਰ ਦਦਿੀ ਹੈ, ਜਵਿੇਂ ਕਿ ਸਾਹ ਲੈਣਾ, ਸਖਿਣਾ, ਸੁਣਨਾ, ਵੇਖਣਾ, ਬੋਲਣਾ ਜਾਂ ਤੁਰਨਾ|

ਖਾਸ ਲੋੜਾਂ ਕਈ ਢੰਗ ਦੀਆਂ ਹੁੰਦੀਆਂ ਹਨ| ਇੱਕ ਬੱਚਾ ਕਈ ਯੋਗਤਾਵਾਂ ਦਾ ਸ਼ਕਿਾਰ ਵੀ ਹੋ ਸਕਦਾ ਹੈ ਜੋ ਉਸ ਲਈ ਸਖਿਣਾ ਅਤੇ ਹੋਰ ਕੰਮਾਂ ਨੂੰ ਹੋਰ ਵੀ ਮੁਸ਼ਕਲ ਬਣਾਉਦੇ ਹਨ| ਵਕਿਾਸ ਵਚਿ ਦੇਰੀ ਜਾਂ ਅਪਾਹਜਤਾ ਦੇ ਕੁਝ ਖੇਤਰ ਹਨ:

- ਸੰਚਾਰ (ਹਕਲਾਉਣਾ, ਆਵਾਜ਼ ਵਚਿ ਵਕਿਾਰ)
- ਭਾਵਾਨਾਤਮਕ ਅਤੇ ਸਮਾਜਕ (ਔਟਜਿ਼ਮ, ਭਾਵਨਾਤਮਕ ਹਲਚਲ)
- ਬੌਧਕਿ (ਡਸਿਲੈਕਸੀਆ, ਮੱਧਮ ਸੁਸਤੀ)
- ਸਰੀਰਕ (ਐਲਰਜੀ, ਇੱਕ ਅੰਗ ਦੀ ਕਮੀ, ਅੰਧਾਪਨ)

## ਤੁਹਾਡੇ ਹੱਕ ਕਹਿੜੇ ਹਨ?

### ਇੰਡੀਵਜਿੁਅਲ ਵਦਿ ਡਸਿਏਬਲਿਟੀ ਐਜੁਕੇਸ਼ਨ ਐਕਟ [Individuals with Disabilities Education Act (IDEA)]

IDEA ਇੱਕ ਸੰਘੀ ਕਾਨੂੰਨ ਹੈ ਜੋ ਕਿ ਖਾਸ ਲੋੜਾਂ ਦੇ ਬੱਚਆਿਂ ਦੀ ਰੱਖਆਿ ਕਰਦਾ ਹੈ:
- ਮਾਪਆਿਂ ਅਤੇ ਸਕੂਲ ਨੂੰ ਪੜਤਾਲ ਦੀ ਬੇਨਤੀ ਕਰਨ ਦੀ ਇਜਾਜ਼ਤ ਦਦਿਾ ਹੈ ਜੇਕਰ ਉਹਨਾਂ ਨੂੰ ਸ਼ੱਕ ਹੈ ਕਿ ਉਹਨਾਂ ਦੀਆਂ ਖ਼ਾਸ ਲੋੜਾਂ ਹੋ ਸਕਦੀਆਂ ਹਨ|
- ਪਬਲਕਿ ਸਕੂਲਾਂ ਤੋਂ ਖਾਸ ਲੋੜਾ ਵਾਲੇ ਬੱਚਆਿਂ ਨੂੰ ਮੁਫ਼ਤ ਜਨਤਕ ਸਖਿਆਿ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ|
- ਹਰ ਖ਼ਾਸ ਲੋੜਾਂ ਵਾਲੇ ਬੱਚੇ ਲਈ **ਵਅਿਕਤੀਗਤ ਪਰਵਿਾਰਕਿ ਸੇਵਾ ਯੋਜਨਾ [Individualized Family Service Plan (IFSP)]** ਜਾਂ **ਇੰਡੀਵਜਿੁਅਲ ਐਜੁਕੇਸ਼ਨ ਪ੍ਰੋਗਰਾਮ [Individualized Family Service Plan (IEP)]**|
- ਜੇਕਰ ਮਾਪੇ ਆਪਣੇ ਬੱਚੇ ਦੀ ਪੜਤਾਲ, IFSP, ਜਾਂ IEP ਦੇ ਫੈਸਲੇ ਨਾਲ ਸਹਮਿਤ ਨਹੀ ਹਨ ਤਾਂ ਉਹਨਾਂ ਨੂੰ "ਡਯੂ ਪ੍ਰੋਸੈਸ" ਦਾ ਹੱਕ ਦਦਿਾ ਹੈ|

### ਵਅਿਕਤੀਗਤ ਪਰਵਿਾਰਕਿ ਸੇਵਾ ਯੋਜਨਾ (IFSP)

ਇੱਕ IFSP ਉਹਨਾਂ ਪਰਵਿਾਰਾਂ ਅਤੇ ਪੇਸ਼ੇਵਰਾਂ ਦੀ ਮਦਦ ਕਰਦਾ ਹੈ, ਜਹਿਨਿਾਂ ਦੇ ਨਵੇਂ ਜੰਮੇ ਤੋ 3 ਸਾਲ ਤੱਕ ਦੇ ਖ਼ਾਸ ਲੋੜਾਂ ਵਾਲੇ ਬੱਚੇ ਹਨ| IFSP ਵਚਿ ਸ਼ਾਮਲ ਹਨ:
- ਬੱਚੇ ਦੇ ਮੌਜੂਦਾ ਵਕਿਾਸ ਦੇ ਸਤਰ ਦੀ ਵਆਿਖਆਿ ਕਰਨਾ|
- ਬੱਚੇ ਅਤੇ ਪਰਵਿਾਰ ਦੇ ਵਸੀਲੇ, ਪ੍ਰਾਥਮਕਿਤਾ ਅਤੇ ਪਰੇਸ਼ਾਨੀਆਂ ਦੀ ਸੂਚੀ ਬਣਾਉਣਾ|
- ਅਗਲੇ 6-12 ਮਹੀਨੇ ਲਈ ਮਾਪਦੰਡ ਉੱਦੇਸ਼ ਸੈਟ ਕਰਨਾ|
- ਪਤਾ ਲਗਾਉਣਾ ਕਿ ਕਹਿੜੀਆਂ "ਛੇਤੀ ਦਖਲ ਦੀਆਂ" ਸੇਵਾਵਾਂ ਬੱਚੇ ਲਈ ਸਭ ਤੋਂ ਵੱਧ ਲਾਭਦਾਇਕ ਹੋਣਗੀਆਂ, ਜਵਿੇਂ ਕਿ ਸੁਣਵਾਈ ਸੇਵਾ, ਘਰ ਦੌਰੇ, ਜਾਂ ਖਾਣ-ਪੀਣ ਸੰਬੰਧੀ ਸਲਾਹ|

IFSP ਟੀਮ ਸਕੂਲ ਦੇ ਦੌਰਾਨ ਹਰ 6 ਮਹੀਨੇ ਬਾਅਦ ਕਸਿ ਵੀ ਵੇਲੇ ਵਚਿ ਮਲਿ ਸਕਦੀ ਹੈ|

**ਭਾਵੇਂ ਤੁਹਾਡਾ ਬੱਚਾ ਖਾਸ ਸੇਵਾ ਜਾਂ ਨਗਿਰਾਨੀ ਮੰਗਦਾ ਹੈ,ਪਰ ਉਸਨੂੰ ਖਾਸ ਤਰੀਕੇ ਦੇ ਸਕੂਲ ਦੀ ਲੋੜ ਨਹੀ ਵੀ ਹੋ ਸਕਦੀ ਹੈ|**

### ਵਅਿਕਤੀਗਤ ਸਖਿਆਿ ਪ੍ਰੋਗ੍ਰਾਮ (IEP)

ਪਬਲਕਿ ਸਕੂਲ ਡਸਿਟ੍ਰਕਿਟ ਨੂੰ 3 ਤੋਂ 21 ਸਾਲ ਦੇ ਹਰ ਖ਼ਾਸ ਲੋੜਾਂ ਵਾਲੇ ਬੱਚੇ ਲਈ ਉਚਤਿ IEP ਬਣਾਉਣ ਦੀ ਲੋੜ ਹੁੰਦੀ ਹੈ| IEP ਵਚਿ ਸ਼ਾਮਲ ਹਨ:
- ਬੱਚੇ ਦੀ ਖਾਸ ਲੋੜ ਬਾਰੇ ਦੱਸਣਾ|
- ਬੱਚੇ ਦੀ ਵਸ਼ਿੇਸ਼ ਸਖਿਆਿ ਨੂੰ ਸੁਝਾਉਣਾ|
- ਬੱਚੇ ਦੀ ਸਖਿਆਿ ਅਤੇ/ਜਾਂ ਵਵਿਹਾਰਕਿ ਵਕਿਾਸ ਲਈ ਸਾਲਾਨਾ ਮਾਪਣਯੋਗ ਟੀਚੇ ਸੈਟ ਕਰਨਾ|
- ਵਾਧੂ ਸੇਵਾਵਾਂ ਜਹਿਨਿਾਂ ਦੀ ਲੋੜ ਹੋ ਸਕਦੀ ਹੈ ਦੀ ਸੂਚੀ ਬਣਾਉਣਾ ਜਵਿੇਂ ਕਿ ਅਕੁਪੇਸ਼ਨਲ ਥੈਰੇਪੀ ਅਤੇ ਸਰੀਰਕ ਥੈਰੇਪੀ|

IEP ਟੀਮ ਵਚਿ ਮਾਪੇ ਜਾਂ ਕਾਨੂੰਨੀ ਸਰਪ੍ਰਸਤ, ਦੇਖਭਾਲ ਕਰਨ ਵਾਲੇ ਜਾਂ ਅਧਆਿਪਕ, ਵਸ਼ਿੇਸ਼ ਸਖਿਆਿ ਅਧਆਿਪਕ, ਨਾਲ ਸੰਬੰਧਤਿ ਸੇਵਾ ਪ੍ਰਦਾਤਾ ਜਵਿੇਂ ਕਿ ਸਪੀਚ ਥੈਰੇਪੀਸਟ, ਸਕੂਲ ਡਸਿਟ੍ਰਕਿਟ ਦੇ ਨੁਮਾਇੰਦੇ, ਅਤੇ ਜੇ ਜਰੂਰੀ ਹੈ ਤਾਂ ਦੁਭਾਸ਼ੀਆ ਸ਼ਾਮਲਿ ਹੁੰਦੇ ਹਨ| IEP ਟੀਮ ਸਕੂਲ ਦੇ ਸਾਲ ਦੇ ਦੌਰਾਨ ਕਸਿ ਵੀ ਵੇਲੇ ਮਲਿ ਸਕਦੀ ਹੈ|

## ਜਾਨਣਾ ਕਿ ਤੁਹਾਡੇ ਬੱਚੇ ਦੀਆਂ ਖਾਸ ਲੋੜਾਂ ਹਨ

**ਇਹ ਮਾਪਿਆਂ ਲਈ ਆਮ ਅਤੇ ਸਮਝ ਆਉਣ ਵਾਲੀ ਗੱਲ ਹੈ ਕਿ ਜਦੋਂ ਮਾਪਿਆਂ ਨੂੰ ਪਤਾ ਲਗਦਾ ਹੈ ਕਿ ਉਹਨਾਂ ਦੇ ਬੱਚੇ ਦੀਆਂ ਖ਼ਾਸ ਲੋੜਾਂ ਹਨ ਤਾਂ ਉਹ ਬਹੁਤ ਭਾਵੁਕ ਹੋ ਕੇ ਪ੍ਰਤਕ੍ਰਿਆ ਦਿੰਦੇ ਹਨ ਜਿਵੇਂ ਕਿ ਮਨਾਹੀ, ਗੁੱਸਾ, ਡਰ ਅਤੇ ਗਲਾਨੀ| ਕੁਝ ਮਾਪੇ ਆਪਣੇ ਅਨੁਭਵ ਵਿੱਚ ਇਕੱਲਾ ਮਹਿਸੂਸ ਕਰਦੇ ਹਨ ਅਤੇ ਫਿਕਰ ਕਰਦੇ ਹਨ ਕਿ ਉਹਨਾਂ ਦਾ ਬੱਚਾ ਖੁਸ਼ਹਾਲ ਜ਼ਿੰਦਗੀ ਨਹੀ ਬਿਤਾ ਸਕੇਗਾ| ਤੁਹਾਡੀ ਭਾਵਨਾਵਾਂ ਤੇ ਕਾਬੂ ਰੱਖ ਕੇ ਉਹਨਾਂ ਨੂੰ ਸਹੀ ਢੰਗ ਨਾਲ ਸੰਭਾਲ ਕੇ ਤੁਸੀਂ ਆਪਣੇ ਬੱਚੇ, ਪਰਿਵਾਰ ਅਤੇ ਆਪਣੀਆਂ ਲੋੜਾਂ ਨੂੰ ਬੇਹਤਰ ਤਰੀਕੇ ਨਾਲ ਪੂਰਾ ਕਰ ਸਕਦੇ ਹੋ| ਤੁਸੀਂ ਤੁਹਾਡੇ ਭਾਵਨਵਾਂ ਇੰਞ ਸੰਭਾਲ ਸਕਦੇ ਹੋ:**

- ਤੁਸੀਂ ਕੀ ਮਹਿਸੂਸ ਕਰਦੇ ਹੋ ਉਸ ਬਾਰੇ ਦੂਜਿਆਂ ਨਾਲ ਗੱਲ ਕਰਕੇ|
- ਆਪਣੇ ਬੱਚੇ  ਦੇ ਨਾਲ ਸਮਾਂ ਬਿਤਾਉਣ ਨਾਲ|(ਪੁਸ਼ਟੀ ਕਰੋ ਕਿ ਤੁਸੀਂ ਮਜ਼ੇ ਮਾਣੋ!)
- ਪਰਿਵਾਰ,ਦੋਸਤ ਅਤੇ ਲੋਕਲ ਮਦਦਗਾਰ ਗਰੂਪ ਦੀ ਮਦਦ ਲੈਣੀ, ਜਾ ਅਜਿਹੇ ਮਾਪਿਆਂ ਦੀ ਮਦਦ ਲੈਣੀ ਜਿਹਨਾ ਦੇ ਬੱਚੇ ਦੀਆਂ ਖਾਸ ਲੋੜਾਂ ਹੋਣ|
- ਆਪਣੇ ਬੱਚੇ ਦੀਆਂ ਖਾਸ ਲੋੜਾਂ,ਸਿੱਖਿਆ ਅਤੇ ਕਾਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ|
- ਆਪ ਆਪਣੇ ਆਪ ਦਾ ਖ਼ਿਆਲ ਰੱਖਣਾ|ਜੇਕਰ ਤੁਹਾਡੀਆਂ ਆਪਣੀਆਂ ਲੋੜਾਂ ਪੂਰੀਆਂ ਨਾ ਹੋਣ ਤਾਂ ਪਰਿਵਾਰ ਅਤੇ ਬੱਚੇ ਦੀਆਂ ਲੋੜਾਂ ਨੂੰ ਪੂਰਾ ਕਰਨਾ ਬਹੁਤ ਮੁਸ਼ਕਿਲ ਹੈ| ਆਰਾਮ ਕਰਨਾ, ਕਸਰਤ ਕਰਨਾ ਅਤੇ ਸਹੀ ਸਮੇਂ ਤੇ ਰੋਟੀ ਖਾਣਾ ਯਾਦ ਰੱਖੋ| ਆਪਣੇ ਆਪ ਨੂੰ ਆਰਾਮ ਕਰਨ ਦਾ ਸਮਾਂ ਦਿਓ|
- ਜੇਕਰ ਤੁਹਾਡੀਆਂ ਭਾਵਨਾਵਾਂ ਅਤੇ ਜਿੰਮੇਵਾਰੀਆਂ ਬਹੁਤ ਵੱਧ ਰਹੀਆਂ ਹਨ ਤਾਂ ਪਾਰਿਵਾਰਿਕ ਸਲਾਹ ਲਈ ਜਾਓ|

**ਤੁਸੀਂ ਕੱਲੇ ਨਹੀ ਹੋ| ਸਵਾਲ ਪੁੱਛੋ ਅਤੇ ਜਿਹੜੀ ਮਦਦ ਤੁਹਾਨੂੰ ਆਪਣੇ ਬੱਚੇ ਲਈ ਚਾਹੀਦੀ ਹੈ, ਉਹ ਲਵੋ|**



## ਪੇਸ਼ੇਵਰਾਂ ਦੇ ਨਾਲ ਕੰਮ ਕਰਨਾ

**ਮਾਪੇ ਹੋਣ ਦੇ ਨਾਤੇ ਤੁਹਾਨੂੰ ਆਪਣੇ ਬੱਚੇ ਦੀ ਸਿੱਖਿਆ  ਵਿੱਚ ਸ਼ਾਮਿਲ ਹੋਣ ਦਾ ਹੱਕ ਹੈ| ਸਾਲ ਵਿੱਚ ਇਕ ਵਾਰੀ ਤੁਸੀਂ ਆਪਣੇ ਬੱਚੇ ਦੀ IFSP ਜਾਂ IEP ਟੀਮ ਨੂੰ ਮਿਲ ਸਕਦੇ ਹੋ ਅਤੇ ਤੁਹਾਡੇ ਬੱਚੇ ਦੀ ਤਰੱਕੀ ਅਤੇ ਅਗਲੇ ਸਾਲ ਲਈ ਨਵੇ ਟੀਚੇ ਸੈਟ ਕਰਨ ਬਾਰੇ ਗੱਲ ਕਰ ਸਕਦੇ ਹੋ| ਜੇਕਰ ਤੁਸੀਂ ਟੀਮ ਦੇ ਬਣਾਏ ਹੋਏ ਪ੍ਲਾਨ ਤੋਂ ਸਹਿਮਤ ਨਹੀ ਹੋ ਤਾਂ ਤੁਸੀ ਦਖਲੰਦਾਜ਼ੀ ਜਾਂ “ਡਯੂ ਪ੍ਰੋਸੈਸ” ਲਈ ਜਾ ਸਕਦੇ ਹੋ, ਜਿਸ ਵਿੱਚ ਤੁਹਾਡਾ ਵਕੀਲ ਤੁਹਾਡੇ ਅਤੇ ਟੀਮ ਵਿਚਕਾਰ ਸਹਿਮਤੀ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ| ਇਹ ਜਰੂਰੀ ਹੈ ਕਿ ਤੁਸੀਂ ਸਾਰਾ ਸਾਲ ਆਪਣੇ ਬੱਚੇ ਦੇ ਨਾਲ ਕੰਮ  ਕਰ ਰਹੇ ਪੇਸ਼ੇਵਰਾਂ ਨਾਲ ਗੱਲ ਕਰਦੇ ਰਹੋ,ਜਿਵੇਂ ਕਿ ਤੁਹਾਡੇ ਬੱਚੇ ਦੇ ਪੀਡਿਆਟ੍ਰੀਸ਼ੀਅਨ ਅਤੇ ਥੈਰੇਪੀਸਟ| ਅਕਾਦਮਿਕ ਰਿਕਾਰਡਾਂ, IFSPs ਜਾਂ IEP, ਮੈਡੀਕਲ ਰਿਕਾਰਡਾਂ ਅਤੇ ਸਾਰੇ ਥੈਰੇਪੀ ਨੋਟਸ ਦੀ ਕਾਪੀ ਰੱਖਣਾ ਮਦਦਗਾਰ ਰਹਿੰਦਾ ਹੈ|**

## ਸਮਾਵੇਸ਼

**ਸਮਾਵੇਸ਼ ਸਾਰੇ ਬੱਚਿਆਂ(ਖ਼ਾਸ ਅਤੇ ਬਿਨਾ ਖ਼ਾਸ ਜਰੂਰਤਾਂ ਵਾਲੇ ਬੱਚੇ) ਨੂੰ ਇੱਕ ਹੀ ਮਾਹੌਲ ਵਿੱਚ ਸਰਵਿਸਜ਼ਿ ਅਤੇ ਸਹਯੋਗ ਨਾਲ ਉਹ ਸਭ ਕੁਝ ਸਿੱਖਣ ਦੀ ਇਜਾਜ਼ਤ ਦਿੰਦਾ ਹੈ ਜੋ ਉਹਨਾਂ ਦੀ ਸਫਲਤਾ ਲਈ ਜਰੂਰੀ ਹਨ| ਬੱਚੇ ਸਪੈਸ਼ਲ ਸਰਵਿਸਜ਼ ਸਮਾਵੇਸ਼ੀ ਮਾਹੌਲ ਵਿੱਚ ਵੀ ਪ੍ਰਾਪਤ ਕਰ ਸਕਦੇ ਹਨ| ਇੱਕ ਸੰਮਿਲਤ ਵਾਤਾਵਰਨ ਦੇ ਕੁਝ ਗੁਣ ਹਨ:**

- ਉਮਰ ਦੇ ਹਿਸਾਬ ਨਾਲ ਉਮੀਦਾਂ: ਬਾਲਗਾਂ ਤੋਂ ਇੱਕ ਇੱਕ ਏਕੀਕ੍ਰਿਤ ਮਾਹੌਲ ਵਿੱਚ ਵਿਸ਼ਿਸ਼ ਲੋੜਾਂ ਵਾਲੇ ਬੱਚਿਆਂ ਤੋਂ ਬੱਚੇ 'ਤੇ ਉਮਰ ਅਨੁਸਾਰ ਉਚਿਤ ਮੰਗ ਰੱਖਣ ਦੀ ਵਧੇਰੇ ਸੰਭਾਵਨਾ ਹੈ ਜੋ ਬੌਧਿਕ, ਸਰੀਰਕ, ਅਤੇ ਸਮਾਜਿਕ ਵਿਕਾਸ ਵਿੱਚ ਮਦਦ ਕਰ ਸਕਦਾ ਹੈ|
- ਫ਼ਰਕ ਸਮਝਣਾ ਬੱਚੇ ਇਕ ਦੂਜੇ ਨੂੰ ਸਮਝਦੇ ਹਨ ਅਤੇ ਵਿਅਕਤੀਗਤ ਫਰਕ਼ ਦੇ ਨਾਲ ਕਬੂਲ ਕਰਦੇ ਹਨ|
- ਖਾਸ ਨਿਰਦੇਸ਼: ਭਾਵੇਂ ਹਰ ਬੱਚੇ ਦੀ ਸਿੱਖਿਆ  ਦੇ ਟੀਚੇ ਅਲੱਗ ਅਲੱਗ ਹੁੰਦੇ ਹਨ ਪਰ ਬੱਚੇ ਦੇ ਨਿਗਰਾਨ ਅਤੇ ਅਧਿਆਪਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹਨਾਂ ਦੇ ਪੜਾਉਣ ਦੇ ਤਰੀਕੇ ਹਰ ਬੱਚੇ ਦੀ ਲੋੜ ਨੂੰ ਪੂਰਾ ਕਰਨ|
- ਸਮਰਥਾ ਅਤੇ ਯੋਗਤਾਵਾਂ ਤੇ ਧਿਆਨ ਦੇਣਾ- ਬੱਚੇ ਨੂੰ ਲੋੜ ਮੁਤਾਬਿਕ ਮਦਦ ਦੇ ਕੇ ਉਸਦੀ ਸਮਰਥਾ ਅਤੇ ਯੋਗਤਾਵਾਂ ਵੱਲ ਆਪਣਾ ਧਿਆਨ ਦਿਓ|
- ਖੁੱਲੀ ਗੱਲਬਾਤ: ਬੱਚੇ ਦੇ ਨਿਗਰਾਨ ਅਤੇ ਅਧਿਆਪਕ ਬੱਚੇ ਦੇ ਮਾਪਿਆਂ ਅਤੇ ਦੂਜੇ ਪੇਸ਼ੇਵਰਾਂ ਨਾਲ ਖੁੱਲ ਕੇ ਨਿਯਮਿਤ ਗੱਲ ਕਰਦੇ ਹਨ, ਅਤੇ ਤੁਹਾਨੂੰ ਤੁਹਾਡੇ ਬੱਚੇ ਦੀ ਸਫਲਤਾ ਵਿੱਚ ਸਾਰਥਕ ਭਾਗੀਦਾਰ ਬਣਾਉਂਦੇ ਹਨ|ਸਾਰੇ ਪੇਸ਼ੇਵਰ ਤੁਹਾਡੇ ਬੱਚੇ ਦੀ ਕੋਈ ਵੀ ਗੁਪਤ ਜਾਣਕਾਰੀ ਦੱਸਣ ਤੋਂ ਪਹਿਲਾਂ ਲਿਖਤ ਵਿੱਚ ਸੂਚਿਤ ਰਜ਼ਾਮੰਦੀ ਲੈਂਦੇ ਹਨ|
- ਸਾਥੀ “ਆਦਰਸ਼”: ਖਾਸ ਲੋੜ ਨਾ ਪੈਣ ਵਾਲੇ ਬੱਚੇ ਖ਼ਾਸ ਲੋੜ ਪੈਣ ਵਾਲੇ ਬੱਚਿਆਂ ਲਈ ਆਦਰਸ਼ ਬਣ ਸਕਦੇ ਹਨ|
- ਸੰਬੰਧ: ਖਾਸ ਅਪਾਹਜਿਤਾ ਵਾਲੇ ਬੱਚੇ ਅਤੇ ਆਮ ਬੱਚਿਆਂ ਵਿੱਚਕਾਰ ਦੋਸਤੀ ਅਤੇ ਸਮਾਜਿਕ ਸੰਬੰਧ ਨੂੰ ਵਧਾਇਆ ਜਾਂਦਾ ਹੈ|

**ਸਮਾਵੇਸ਼ ਨਾਲ ਸਾਰੇ ਬੱਚਿਆਂ ਨੂੰ ਲਾਭ ਹੋ ਸਕਦਾ ਹੈ|**

## ਹੋਰ ਸਿੱਖਣ ਲਈ

### ਬੱਚਿਆਂ ਲਈ ਕਿਤਾਬਾਂ

**SPECIAL PEOPLE, SPECIAL WAYS**
Arlene Maguire, ਵਿਆਖਿਆਕਾਰ Sheila Bailey

**DON'T CALL ME SPECIAL**
Pat Thomas, ਵਿਆਖਿਆਕਾਰ Lesley Harker

### ਬਾਲਗਾਂ ਲਈ ਕਿਤਾਬਾਂ

**I WISH: DREAMS AND REALITIES OF PARENTING A SPECIAL NEEDS CHILD**
Kate Divine McAnaney

### ਸੰਸਥਾਵਾਂ

**FEDERATION FOR CHILDREN WITH SPECIAL NEEDS**
(800) 331-0688 ਜ www.fcsn.org

**NATIONAL DISSEMINATION CENTER FOR CHILDREN WITH DISABILITIES**
(800) 695-0285 ਜ www.nichcy.org

**U.S. DEPARTMENT OF EDUCATION - OFFICE OF SPECIAL EDUCATION AND REHABILITATIVE SERVICES**
www.ed.gov/about/offices/list/osers